ਵਰਲਡ ਪੰਜਾਬੀ ਟਾਈਮਜ਼
WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 28 ਸਤੰਬਰ 2025 ਦਿਨ ਐਤਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼

ਇੰਡੋ-ਕਨੇਡੀਅਨ ਸੀਨੀਅਰ ਸਿਟੀਜ਼ਨ ਸੋਸਾਇਟੀ ਸਰੀ ਦੇ ਮੈਂਬਰਾਂ ਨੇ ਲਾਇਆ ਡਰਬੀ ਪਾਰਕ ਦਾ ਪਿਕਨਿਕ ਟੂਰ

ਵਰਲਡ ਪੰਜਾਬੀ ਟਾਈਮਜ਼
ਗੁਰਦਮ ਮਾਨ

ਸਰੀ, 28 ਸਤੰਬਰ ; ਇੰਡੋ-ਕਨੇਡੀਅਨ ਸੀਨੀਅਰ ਸਿਟੀਜ਼ਨ ਸੈਂਟਰ ਸੋਸਾਇਟੀ ਸਰੀ (ਬੀ.ਸੀ.) ਵੱਲੋਂ ਬੀਤੇ ਦਿਨੀਂ ਇਸ ਸਾਲ ਦਾ ਚੌਥਾ ਪਿਕਨਿਕ ਟੂਰ ਲਾਗਲੇ ਸ਼ਹਿਰ ਲੈਂਗਲੀ ਦੇ 'ਡਰਬੀ ਰੀਚ ਰੀਜਨਲ ਪਾਰਕ' ਵਿਖੇ ਲਾਇਆ ਗਿਆ।

ਬਲਬੀਰ ਸਿੰਘ ਢਿੱਲੋਂ ਦੀ ਅਗਵਾਈ ਵਿਚ 55 ਸੀਨੀਅਰ ਮੈਂਬਰ ਇਕ ਵਿਸ਼ੇਸ਼ ਬੱਸ ਰਾਹੀਂ ਪਾਰਕ ਵਿਚ ਪਹੁੰਚੇ। ਫਰੇਜ਼ਰ ਦਰਿਆ ਦੇ ਕੰਢੇ 'ਤੇ ਸਥਿਤ ਪਾਰਕ ਵਿਚ ਦਿਲਕਸ਼ ਨਜ਼ਾਰਿਆਂ ਦਾ ਆਨੰਦ ਮਾਣਨ ਉਪਰੰਤ ਸਾਰੇ ਮੈਂਬਰਾਂ ਨੇ ਮਨੋਰੰਜਕ ਖੇਡਾਂ, ਗੀਤ-ਸੰਗੀਤ ਅਤੇ ਸੱਭਿਆਚਾਰਕ ਪ੍ਰੋਗਰਾਮ ਰਚਾਇਆ। ਇੱਥੇ ਹੀ ਹਰਚੰਦ ਸਿੰਘ ਗਿੱਲ ਨੇ ਕਾਵਿਕ ਮਹਿਫ਼ਿਲ ਦਾ ਸੰਚਾਲਨ ਕੀਤਾ ਜਿਸ ਵਿਚ ਕਈ ਮੈਂਬਰਾਂ ਨੇ ਗ਼ਜ਼ਲਾਂ, ਕਵਿਤਾਵਾਂ ਅਤੇ ਚੁਟਕਿਲਆਂ ਰਾਹੀਂ ਪ੍ਰੋਗਰਾਮ ਨੂੰ ਰੰਗੀਨ ਬਣਾਇਆ। ਸਾਰੇ ਮੈਂਬਰਾਂ ਲਈ ਸੁਆਦੀ ਭੋਜਨ ਦਾ ਪ੍ਰਬੰਧ ਵੀ ਕੀਤਾ ਗਿਆ।

ਬਲਬੀਰ ਸਿੰਘ ਢਿੱਲੋਂ ਨੇ ਦੱਸਿਆ ਕਿ ਇਸ ਟੂਰ ਰਾਹੀਂ ਸੀਨੀਅਰਾਂ ਮੈਂਬਰਾਂ ਵਿਚ ਆਪਸੀ ਮੇਲ-ਮਿਲਾਪ ਵਧਦਾ ਹੈ, ਖੁਸ਼ਗਵਾਰ ਮਾਹੌਲ ਮਿਲਦਾ ਹੈ, ਤਣਾਓ ਘਟਦਾ ਹੈ ਅਤੇ ਸਾਰੇ ਰਲ ਕੇ ਆਨੰਦ ਮਾਣਦੇ ਹਨ। ਉਨ੍ਹਾਂ ਕਿਹਾ ਕਿ ਬਜ਼ੁਰਗਾਂ ਦੇ ਸਿਹਤਮੰਦ ਰਹਿਣ ਅਜਿਹੇ ਪਿਕਨਿਕ ਟੂਰ ਬਹੁਤ ਲਾਹੇਵੰਦ ਸਾਬਤ ਹੁੰਦੇ ਹਨ। ਉਨ੍ਹਾਂ ਇਸ ਟੂਰ ਲਈ ਸਹਿਯੋਗ ਦੇਣ ਵਾਸਤੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ।

" ਮੇਲਾ ਵਾਰਿਸ ਸ਼ਾਹ ਤੇ 24 ਸਤਮਬਤ ਨੂੰ ਪੰਜਾਬੀ ਚੌਂਤਰਾ ਸਫਦਰ ਆਬਾਦ ਵਲੋਂ ਵਾਰਿਸ ਸ਼ਾਹ ਵੱਡਾ ਪੰਜਾਬੀ ਇਕੱਠ ਕਰਵਾਇਆ ਗਿਆ"

ਵਰਲਡ ਪੰਜਾਬੀ ਟਾਈਮਜ਼
ਰਸੀਦ ਵਰਿਆਂ

ਬਰੈਂਪਟਨ 28 ਸਤੰਬਰ : ਇਹ ਇਕੱਠ ਦਰਗਾਹ ਪੀਰ ਵਾਰਿਸ ਸ਼ਾਹ ਜੰਡਿਆਲਾ ਸ਼ੇਰ ਖਾਂ ਵਿੱਚ ਹੋਇਆ । ਪੰਜਾਬੀ ਦੇ ਮਸ਼ਹੂਰ ਸ਼ਾਇਰ ਨਦੀਮ ਅਫਜ਼ਲ ਨਦੀਮ ਇਸ ਅਕਠ ਦੇ ਸੰਚਾਲਕ ਸਨ । ਇਹ ਪ੍ਰੋਗਰਾਮ 14 ਘੰਟੇ ਬਗੈਰ ਕਿਸੇ ਵਕਫੇ ਦੇ ਚਲਦਾ ਰਿਹਾ । ਜਿਸ ਵਿੱਚ ਪੰਜਾਬ ਭਰ ਤੋਂ ਵਾਰਿਸ ਸ਼ਾਹ ਦਾ ਕਲਾਮ ਪੜ੍ਹਨ ਵਾਲੇ ਸਿੰਗਰ, ਪੰਜਾਬੀ ਦੇ ਸ਼ਾਇਰ ਗੁਲ਼ਕਰ ਪੰਜਾਬੀ ਮੀਡੀਆ , ਪੰਜਾਬੀ ਖੋਜ ਕਾਰ ਕਹਾਣੀ ਕਾਰ ਆਏ । ਹਜ਼ਾਰਾਂ ਦੀ ਗਿਣਤੀ ਵਿੱਚ ਇਸ ਇਕੱਠ ਵਿੱਚ ਪੰਜਾਬੀਆਂ ਨੇ ਹਾਜ਼ਰੀ ਭਰੀ ।ਇਸ ਇਕੱਠ ਵਿੱਚ , ਪੰਜਾਬੀ ਮਹਿਮਾ ਵਾਰ ਪੰਜਾਬੀ ਮੈਗਜ਼ੀਨ , ਪੰਛੀ ਇੰਟਰਨੈਸ਼ਨਲ ਦੇ ਸਿਲਵਰ ਜੁਬਲੀ ਸਾਲ ਗਿਰ੍ਹਾ ਵੀ ਮਨਾਈ ਗਈ ।ਆਸਿਫ਼ ਮਰੀਅਮ ਦੀ ਕਿਤਾਬ ਗੁੰਗੀਆਂ ਚੀਕਾਂ ਦੀ ਘੁੰਡ ਚੁਕਾਈ ਵੀ ਕਾਰਵਾਈ ਗਈ। ਪੰਜਾਬੀ ਚੌਂਤਰਾ ਦੇ ਪ੍ਰਧਾਨ ਚ. ਆਜ਼ਮ ਖ਼ਾ ਚੌਹਾਨ ਹੋਰਾਂਇਕੱਠ ਤੇ ਆਉਣ ਵਾਲੇ ਸਾਰੇ ਪੰਜਾਬੀਆਂ ਦਾ ਧੰਨਵਾਦ ਕੀਤਾ।

ਇਸ ਇਕੱਠ ' ਚ ਕੁਝ ਨਾਮ ਜਿਨ੍ਹਾਂ ਹਾਜ਼ਰੀ ਭਰੀ,

ਚ . ਇਲਿਆਸ ਘੁੰਮਣ , ਜਨਾਬ ਮੁੱਦੱਸਰ ਇਕਬਾਲ ਬੱਟ, ਜਾਵੇਦ ਪੰਛੀ , ਡਰ ਅਜ਼ਹਰ ਅਹਿਮਦ ਗੁਲਜ਼ਾਰ , ਡਰ ਨਿਘਾਰ ਖੁਰਸ਼ੀਦ , ਵੀਰ ਸਪਰੀ, ਰਾਇ ਨਾਸਰ ਖਰਲ , ਮਲਿਕ ਅਰਸ਼ਦ , ਖ਼ਿਲਾਲ ਹੈਦਰ , ਇਰਫਾਨ ਅੰਸਾਰੀ ਬਾਬਾ ਗਰੁੱਪ ਹਸਨੈਣ ਅਕਬਰ , ਅਸਲਮ ਬਾਹੂ, ਅਸਗਰ ਪਹਿਲਵਾਨ , ਅਕਰਮ ਸੰਧੂ ਹੋਰਾਂ ਹਾਜ਼ਰੀ ਭਰੀ।ਢੋਲ ਭੰਗੜੇ ਮੁਸ਼ਾਇਰਾ ਗੀਤ ਸੰਗੀਤ ਤੇ ਲੰਗਰ ਪਾਣੀ ਚਲਦਾ ਰਿਹਾ ।

ਧੰਨਵਾਦ ਸਹਿਤ । ਇਹ ਨਿਊਜ਼ ਤੇ ਤਸਵੀਰਾਂ ਪਾਕਿ ਤੋਂ ਨਾਮਵਰ ਸ਼ਾਇਰ ਨਦੀਮ ਅਫਜ਼ਲ ਨਦੀਮ ਨੇ ਪੇਪਰਜ਼ ਵਿੱਚ ਲਗਾਉਣ ਲਈ ਰਸਿੰਦਰ ਵਾਲੀਆਂ ਨੂੰ ਭੇਜੀਆਂ ਸਨ ।

ਸ਼ਹੀਦ ਭਗਤ ਸਿੰਘ ਜੀ ਦੇ ਜਨਮ ਦਿਹਾੜੇ ਮੌਕੇ ਸਾਈਕਲ ਰੈਲੀ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 28 ਸਤੰਬਰ : ਦੇਸ਼ ਦੀ ਆਜ਼ਾਦੀ ਲਈ ਆਪਣਾ ਆਪ ਨਿਛਾਵਰ ਕਰਨ ਵਾਲੇ ਸ਼ਹੀਦ-ਏ-ਆਜ਼ਮ ਸ੍ਰ. ਭਗਤ ਸਿੰਘ ਜੀ ਦੇ ਜਨਮ ਦਿਹਾੜੇ ਮੌਕੇ ਕੋਟਕਪੂਰਾ ਸਾਈਕਲ ਰਾਈਡਰਜ਼ ਅਤੇ ਫ਼ਰੀਦਕੋਟ ਸਾਈਕਲ ਕਲੱਬ ਵੱਲੋਂ ਸਾਂਝੇ ਤੌਰ 'ਤੇ

ਸਾਈਕਲ ਰੈਲੀ ਦਾ ਪ੍ਰਬੰਧ ਕੀਤਾ ਗਿਆ। ਇਸ ਸਾਈਕਲ ਰੈਲੀ ਵਿੱਚ ਡਾ. ਕੁਲਦੀਪ ਧੀਰ, ਡਾ. ਕੰਵਲ ਸੇਠੀ, ਗੁਰਪ੍ਰੀਤ ਸਿੰਘ ਕਮੋਂ, ਰਜਤ ਕਟਾਰੀਆ, ਮਨਜਿੰਦਰ ਸਿੰਘ, ਅਰਵਿੰਦ ਲੱਕੀ, ਤੁਲਸੀ ਕੁਮਾਰ ਅਤੇ ਫ਼ਰੀਦਕੋਟ ਸਾਈਕਲ ਕਲੱਬ ਦੇ ਵਿਕਾਸ ਗੋਇਲ, ਡਾ. ਕਰਨ ਬਜਾਜ, ਰਜਿੰਦਰ ਸੇਖੋਂ, ਲਵਪ੍ਰੀਤ ਲੱਧੜ, ਸੁਖਪਾਲ ਸਿੰਘ, ਅਰੁਣ ਦੇਵਗਣ, ਪ੍ਰਦੀਪ ਸੈਨ, ਸਿਮਰਨਜੀਤ, ਗੌਤਮ ਅਹੀਰ ਆਦਿ ਨੇ ਭਾਗ ਲਿਆ ਅਤੇ ਇਸ ਸਾਈਕਲ ਰੈਲੀ ਦੌਰਾਨ ਲਗਭਗ 50 ਕਿਲੋਮਟਰ ਦਾ ਸਾਈਕਲ ਸਫ਼ਰ ਤੈਅ ਕੀਤਾ। ਇਸ ਮੌਕੇ ਡਾ. ਕੁਲਦੀਪ ਧੀਰ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਆਪਾਂ ਬਿਮਾਰੀਆਂ ਅਤੇ ਦਵਾਈਆਂ ਤੋਂ ਛੁਟਕਾਰਾਂ ਪਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਆਪਣੀ ਸਿਹਤ ਵੱਲ ਉਚੇਰੇ ਤੌਰ 'ਤੇ ਧਿਆਨ ਦੇਣਾ ਚਾਹੀਦਾ ਹੈ। ਇਸ ਮੌਕੇ ਡਾ. ਕੰਵਲ ਸੇਠੀ ਅਤੇ ਵਿਕਾਸ ਗੋਇਲ ਵੱਲੋਂ ਕਲੱਬਾਂ ਵੱਲੋਂ ਕੀਤੇ ਜਾ ਰਹੇ ਅਜਿਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਗਈ ਅਤੇ ਭਵਿੱਖ ਵਿੱਚ ਵੀ ਅਜਿਹੇ ਉਪਰਾਲੇ ਨਿਰੰਤਰ ਜਾਰੀ ਰੱਖਣ ਦਾ ਭਰੋਸਾ ਦਿਵਾਇਆ ਗਿਆ। ਅਖ਼ੀਰ ਵਿੱਚ ਗੁਰਪ੍ਰੀਤ ਸਿੰਘ ਕਮੋਂ ਵੱਲੋਂ ਸਾਰੇ ਹੀ ਸਾਈਕਲਿਸਟਾਂ ਦਾ ਸ੍ਰ. ਭਗਤ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਇਸ ਸਾਈਕਲ ਰੈਲੀ ਵਿੱਚ ਪਹੁੰਚਣ 'ਤੇ ਧੰਨਵਾਦ ਕੀਤਾ ਗਿਆ।

ਪੰਜਾਬੀ ਸਾਹਿਤ ਸਭਾ ਰਜਿ ਫਰੀਦਕੋਟ ਵੱਲੋਂ ਨਹਿਰ ਨਜ਼ਾਰਾ ਵਿਖੇ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾ

ਫਰੀਦਕੋਟ 28 ਸਤੰਬਰ : ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ਦੇ ਸਹਿਯੋਗ ਨਾਲ ਪੰਜਾਬੀ ਸਾਹਿਤ ਸਭਾ ਦੇ ਮੁੱਖ ਸਰਪ੍ਰਸਤ ਪ੍ਰਸਿੱਧ ਪੰਜਾਬੀ ਲੇਖਕ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ ਨੇ ਆਪਣੇ ਗ੍ਰਹਿ ਨਿਊ ਹਰਿੰਦਰਾ ਨਗਰ ਫਰੀਦਕੋਟ,ਕੋਟਕਪੂਰਾ ਰੋਡ ਨਜ਼ਦੀਕ ਜੌੜੀਆਂ ਨਹਿਰਾਂ ਵਿਖੇ ਮਿਤੀ 23 ਸਤੰਬਰ 2025 ਨੂੰ ਬਾਬਾ ਸ਼ੇਖ ਫ਼ਰੀਦ ਦੇ ਆਗਮਨ ਪੁਰਬ ਦੇ ਆਖ਼ਰੀ ਦਿਨ ਤੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਮੌਕੇ ਸਭਾ ਦੇ ਕੁਝ ਲੇਖਕਾਂ ਜਿਨ੍ਹਾਂ ਵਿੱਚ ਇਕਬਾਲ ਘਾਰੂ, ਇੰਜੀਨੀਅਰ ਦਰਸ਼ਨ ਸਿੰਘ ਰੋਮਾਣਾ, ਪ੍ਰਸਿੱਧ ਪੰਜਾਬੀ ਸ਼ਾਇਰ ਸ਼ਾਇਰ ਵਤਨਵੀਰ ਜ਼ਖਮੀ, ਲਾਲ ਸਿੰਘ ਕਲਸੀ ਨੇ ਸੇਵਾ ਨਿਭਾਈ। ਮੇਲੇ ਤੇ ਆਈ ਸੰਗਤ ਨੇ ਠੰਡਾ ਮਿੱਠਾ ਜਲ ਜਲ ਛਕ ਕੇ ਖੂਬ ਆਨੰਦ ਮਾਣਿਆ।

ਇਸ ਮੌਕੇ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ ਨੇ ਕਿਹਾ ਕਿ ਪੰਜਾਬੀ ਸਾਹਿਤ ਸਭਾ ਰਜਿ ਫਰੀਦਕੋਟ ਅੱਗੇ ਤੋ ਵੀ ਬਾਬਾ ਫ਼ਰੀਦ ਜੀ ਦੇ ਆਗਮਨ ਪੁਰਬ ਮੌਕੇ ਹੋਰ ਚੰਗੇ ਪ੍ਰਬੰਧ ਕਰ ਕੇ ਛਬੀਲ ਲਗਾਇਆ ਕਰੇਗੀ।

ਸਮਾਜ ਸੇਵਾ ਦੇ ਕਾਰਜਾਂ ਲਈ ਉੱਘੇ ਕਾਰੋਬਾਰੀ ਜਤਿੰਦਰ ਜੇ ਮਿਨਹਾਸ ਦਾ ਸਨਮਾਨ

ਵਰਲਡ ਪੰਜਾਬੀ ਟਾਈਮਜ਼
ਗੁਰਦਮ ਮਾਨ

ਸਰੀ, 28 ਸਤੰਬਰ : ਵੈਨਕੂਵਰ ਖੇਤਰ ਦੇ ਉੱਘੇ ਕਾਰੋਬਾਰੀ ਜਤਿੰਦਰ ਜੇ ਮਿਨਹਾਸ ਨੂੰ ਉਨਹਾਂ ਦੀਆਂ ਸਮਾਜਿਕ ਸੇਵਾਵਾਂ ਲਈ ਗੁਰਦੁਆਰਾ ਦੁੱਖ ਨਿਵਾਰਣ ਸਾਹਿਬ ਸਰੀ ਵਿਚ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

ਵਰਨਣਯੋਗ ਹੈ ਕਿ ਜੇ ਮਿਨਹਾਸ ਬੀਤੇ ਕਈ ਸਾਲਾਂ ਤੋਂ ਗੁਰੂ ਨਾਨਕ ਫੂਡ ਬੈਂਕ 1313 ਦੇ ਫਾਊਂਡਰ ਮੈਂਬਰ ਹਨ। ਇਸ ਸੰਸਥਾ ਵੱਲੋਂ ਇੰਡੀਆ ਅਤੇ ਵਿਸ਼ੇਸ਼ ਕਰ ਕੇ ਪੰਜਾਬ ਤੋਂ ਆਏ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਲੋੜੀਦੀਆਂ ਵਸਤੂਆਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਪਿਛਲੇ ਦਿਨੀਂ ਪੰਜਾਬ ਵਿੱਚ ਕੁਦਰਤੀ ਆਫਤ ਦੌਰਾਨ ਹੜਾਂ ਦੀ ਮਾਰ ਵਗੀ। ਜਿਸ ਨਾਲ ਪੰਜਾਬ ਦੇ ਕਈ ਜ਼ਿਲ੍ਹੇ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ, ਅਨੇਕਾਂ ਘਰ ਤਬਾਹ ਹੋ ਗਏ। ਜਿੱਥੇ ਪੰਜਾਬੀਆਂ ਨੇ ਉਹਨਾਂ ਦੀ ਸਹਾਇਤਾ ਲਈ ਵੱਡਾ ਯੋਗਦਾਨ ਪਾਇਆ। ਉੱਥੇ ਪੰਜਾਬ ਤੋਂ ਬਾਹਰ ਵਸਦੇ ਸਿੱਖ ਭਾਈਚਾਰੇ ਨੇ ਵੀ ਵੱਡਾ ਯੋਗਦਾਨ ਪਾਇਆ।

ਜਤਿੰਦਰ ਜੇ ਮਿਨਹਾਸ ਅਤੇ ਉਹਨਾਂ ਦੇ ਸਹਿਯੋਗੀ ਗਿਆਨੀ ਨਰਿੰਦਰ ਸਿੰਘ (ਪ੍ਰਧਾਨ ਗੁਰਦੁਆਰਾ ਦੁੱਖ ਨਿਵਾਰਨ ਸਰੀ) ਨੇ ਵੀ ਹੜ ਪੀੜਤਾਂ ਲਈ ਰਾਹਤ ਫੰਡ ਇਕੱਠਾ ਕਰਨ ਦਾ ਉਪਰਾਲਾ ਕੀਤਾ ਅਤੇ ਦਾਨੀਆਂ ਵੱਲੋਂ ਮਿਲੇ ਭਰਵੇਂ ਹੁੰਗਾਰੇ ਸਦਕਾ ਕਈ ਲੱਖ ਡਾਲਰ ਇਕੱਤਰ ਹੋਏ। ਕਾਰ ਸੇਵਾ ਵਾਲੇ ਬਾਬਾ ਸੇਵਾ ਸਿੰਘ ਖੜੂਰ ਸਾਹਿਬ ਵਾਲਿਆਂ ਨਾਲ ਸੰਪਰਕ ਕਰ ਕੇ ਉਹਨਾਂ ਰਾਹੀਂ ਇਹ ਰਾਹਤ ਰਾਸ਼ੀ ਹੜ ਪੀੜਤਾਂ ਵਿੱਚ ਤਕਸੀਮ ਕਰਨ ਦੇ ਲਈ ਯਤਨ ਹੋ ਰਹੇ ਹਨ।

ਜਤਿੰਦਰ ਜੇ ਮਿਨਹਾਸ ਦੇ ਸੁਚੱਜੇ ਅਤੇ ਸਮਾਜ ਸੇਵੀ ਕਾਰਜਾਂ ਕਰ ਕੇ ਬੀਤੇ ਦਿਨੀਂ ਉਹਨਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਮਲਜੀਤ ਸਿੰਘ ਸਰਪੰਚ ਚਾਵਾ ਵੀ ਮੌਜੂਦ ਸਨ।

ਐਸ.ਬੀ.ਆਰ.ਐਸ. ਗੁਰੂਕੁਲ ਸਕੂਲ ਵਿੱਚ ਕਰਵਾਇਆ ਗਿਆ ਇੱਕ ਰੋਜ਼ਾ ਸੈਮੀਨਾਰ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 28 ਸਤੰਬਰ : ਅਜੋਕੇ ਯੁੱਗ ਵਿੱਚ ਵਿਸ਼ਵ ਪੱਧਰ ਉੱਤੇ ਹ�ो ਰਹੇ ਤਕਨੀਕੀ ਵਿਕਾਸ, ਡਿਜ਼ੀਟਲ ਇਨੋਵੇਸ਼ਨ ਅਤੇ ਗਲੋਬਲ ਮੁਕਾਬਲੇ ਨੂੰ ਦੇਖਦਿਆਂ ਅਧਿਆਪਕਾਂ ਨੂੰ ਅਕਾਦਮਿਕ ਗਿਆਨਵਾਨ ਵਿਧੀਆਂ ਤੋਂ ਇਲਾਵਾ ਪੜ੍ਹਾਈ ਦੇ ਪੱਧਰ ਨੂੰ ਹੋਰ ਉਚੇਚਾ ਚੁੱਕਣ ਲਈ ਕਈ ਲਾਜ਼ਮੀ ਕੁਸ਼ਲਤਾਵਾਂ ਦੀ ਵੀ ਲੋੜ ਹੁੰਦੀ ਹੈ। ਜਿਸ ਅਧੀਨ ਐਸ.ਬੀ.ਆਰ.ਐਸ. ਗੁਰੂਕੁਲ ਸਕੂਲ ਵਿੱਚ ਟਰੇਨਰ ਆਫਰੀਨ ਸ਼ੇਖ (ਡਿਪਟੀ ਅਕੈਡਮਿਕ ਹੈਡ ਐਡੂਵੇਟ) ਦੁਆਰਾ 21ਵੀਂ ਸਦੀ ਦੇ ਹੁਨਰ ਨਾਲ ਸਬੰਧਤ ਇੱਕ ਖਾਸ ਟ੍ਰੇਨਿੰਗ ਰੱਖੀ ਗਈ, ਜਿਸ ਵਿੱਚ ਹੁਨਰ ਸਿਖਲਾਈ ਸੰਬੰਧਤ ਵੱਖ ਵੱਖ ਪੱਖਾਂ ਉੱਪਰ ਚਾਨਣਾ ਪਾਇਆ ਗਿਆ ਅਤੇ ਅਧਿਆਪਕਾਂ ਨੂੰ ਵੱਖ-ਵੱਖ ਗਤੀਵਿਧੀਆਂ ਦੁਆਰਾ ਅਕਾਦਮਿਕ ਗਿਆਨ ਦੇਣ ਲਈ ਪ੍ਰੇਰਿਤ ਕੀਤਾ ਗਿਆ। ਟ੍ਰੇਨਰ ਆਫਰੀਨ ਸ਼ੇਖ ਨੇ ਅਧਿਆਪਕਾਂ ਨੂੰ ਸੰਬੋਧਨ ਕਰਦੇ ਹੋਏ ਸਿੱਖੇ ਆਧੁਨਿਕ ਸਿੱਖਿਆ ਵਿੱਚ ਤਕਨੀਕੀ ਲੋੜਾਂ ਬਾਰੇ ਜਾਣਕਾਰੀ ਦਿੱਤੀ ਹੈ, ਉੱਥੇ ਹੀ ਲਰਨਿੰਗ ਸਕਿਲਸ ਦੇ ਤਿੰਨ ਮੁੱਖ ਪੱਖਾਂ ਜਿਸ ਵਿੱਚ 'ਦਾ 4ਸੀ, ਐੱਫ ਐੱਲ ਆਈ ਪੀ ਐੱਸ, ਆਈ ਐੱਮ ਟੀ ਨੂੰ ਗਤੀਵਿਧੀਆਂ ਦੁਆਰਾ ਵਿਸਥਾਰ ਵਿੱਚ ਦੱਸਿਆ ਗਿਆ ਅਤੇ ਸਕੂਲ ਸਮੇਂ ਦੌਰਾਨ ਅਕਾਦਮਿਕ ਗਿਆਨ ਦੇਣ ਵਿੱਚ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ। ਡਾ. ਨਸੀਮ ਬਾਨੋ ਅਤੇ ਸਮੂਹ ਅਧਿਆਪਕ ਸਾਹਿਬਾਨ ਦੁਆਰਾ ਟਰੇਨਰ ਆਫਰੀਨ ਸ਼ੇਖ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਐਡੂਵੇਟ ਕੰਪਨੀ ਵੱਲੋਂ ਨਿਰਧਾਰਿਤ ਕੀਤੇ ਗਏ ਇਸ ਪ੍ਰੋਗਰਾਮ ਲਈ ਸ਼ਲਾਘਾ ਵੀ ਕੀਤੀ ਗਈ। ਅਖੀਰ ਵਿੱਚ ਇਹਨਾਂ ਸਿੱਖਿਅਕ ਪਲਾਂ ਨੂੰ ਸਾਂਝਾ ਕਰਦੇ ਹੋਏ ਸਮੂਹ ਸਟਾਫ ਦੇ ਨਾਲ ਟਰੇਨਰ ਆਫਰੀਨ ਸ਼ੇਖ ਦੁਆਰਾ ਗੁਰੁੱਪ ਫੋਟੋ ਦਾ ਪ੍ਰਸਤਾਵ ਰੱਖਿਆ ਗਿਆ ਅਤੇ ਸਕੂਲ ਦੀ ਪ੍ਰਬੰਧਕ ਕਮੇਟੀ ਵੱਲੋਂ ਹੁਨਰ ਟ੍ਰੇਨਿੰਗ ਦੇਣ ਸਬੰਧੀ ਬਹੁਮੁੱਲੀ ਜਾਣਕਾਰੀ ਸਾਂਝੀ ਕਰਨ ਲਈ ਸਨਮਾਨ ਚਿੰਨ ਭੇਂਟ ਕੀਤੇ ਗਏ।

ਸ਼ਹੀਦੇ ਏ ਆਜ਼ਮ ਸ . ਭਗ ਤ ਸਿੰਘ ਜੀ ਦੇ 118ਵੇਂ ਜਨਮ ਦਿਨ ਮੌਕੇ ਅੱਜ ਕੋਟਕਪੂਰਾ ਵਿਖੇ ਵੱਖ ਵੱਖ ਸਮਾਜ ਸੇਵੀ ਸੰਸਥਾਵਾਂ ਵੱਲੋਂ ਕੀਤਾ ਯਾਦ

ਸਮਾਜਵਾਦ ਦਾ ਸੁਪਨਾ ਸਾਕਾਰ ਕਰਨ ਲਈ ਇਨਸਾਫ ਪਸੰਦ ਲੋਕਾਂ ਨੂੰ ਇੱਕਮੁੱਠ ਹੋਕੇ ਸੰਘਰਸ਼ ਕਰਨ ਦਾ ਦਿੱਤਾ ਸੱਦਾ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾ

ਫਰੀਦਕੋਟ ,28 ਸਤੰਬਰ : ਕੋਟਕਪੂਰਾ ਇਲਾਕੇ ਵਿੱਚ ਪਿਛਲੇ ਕਾਫੀ ਸਮੇਂ ਤੋਂ ਸਰਗਰਮ ਸਮਾਜ ਸੇਵੀ ਸੰਸਥਾ ' ਰਾਮ ਮੁਹੰਮਦ ਸਿੰਘ ਆਜ਼ਾਦ ਵੈਲਫੇਅਰ ਸੁਸਾਇਟੀ (ਰਜਿਸਟਰਡ)' , ਗੁੱਡ ਮੋਰਨਿੰਗ ਵੈਲਫੇਅਰ ਕਲੱਬ , ਕੋਟਕਪੂਰਾ , ਪੰਜਾਬ ਪੈਨਸ਼ਨਰਜ਼

ਯੂਨੀਅਨ ਜ਼ਿਲ੍ਹਾ ਫਰੀਦਕੋਟ , ਸ਼ਹੀਦ ਭਗਤ ਸਿੰਘ ਪੈਨਸ਼ਨਰ ਵੈਲਫੇਅਰ ਟਰੱਸਟ ਜ਼ਿਲ੍ਹਾ ਫਰੀਦਕੋਟ, ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਜ਼ਿਲ੍ਹਾ ਫਰੀਦਕੋਟ ਅਤੇ ਕਈ ਹੋਰ ਸਮਾਜ ਸੇਵੀ ਸੰਸਥਾਵਾਂ ਵੱਲੋਂ ਸਾਂਝੇ ਤੌਰ ਤੇ ਸ਼ਹੀਦ -ਏ -ਆਜ਼ਮ ਸ .ਭਗਤ ਸਿੰਘ ਜੀ ਦਾ 118 ਵਾਂ ਜਨਮ ਦਿਨ ਮਹਾਨ ਸ਼ਹੀਦ ਦੀ ਕੁਰਬਾਨੀ ਅਤੇ ਵਿਚਾਰਾਂ ਨੂੰ ਯਾਦ ਕਰਦੇ ਹੋਏ ਅੱਜ ਸਥਾਨਕ ਸ਼ਹੀਦ ਭਗਤ ਸਿੰਘ ਪਾਰਕ ਨੇੜੇ ਪੁਰਾਣਾ ਕਿਲਾ ਵਿਖੇ ਬੁੱਤ ਦੇ ਫੂੱਲ ਮਾਲਾ ਅਰਪਣ ਕਰਕੇ ਇਨਕਲਾਬ ਜ਼ਿੰਦਾਬਾਦ, ਸਮਾਜਵਾਦ ਜ਼ਿੰਦਾ

ਸ਼ਹੀਦ ਭਗਤ ਸਿੰਘ ਦਾ ਜਨਮ*

ਪੰਜ ਦਰਿਆਵਾਂ ਦਾ ਭਗਤ ਸਿੰਘ ਪੀ ਪਾਣੀ।
ਵਾਂਗ ਦਰਿਆਵਾਂ ਦੇ ਹੀ ਉਹ ਵਹਿ ਟੁਰਿਆ।

ਪਏਏ ਸੰਗਲ ਗੁਲਾਮੀ ਦੇ ਤੋੜਨੇ ਨੂੰ।
ਸਿਰ ਧਰ ਤਲੀ ਦਿਲ ਜਜ਼ਬੇ ਨੂੰ ਲੈ ਟੁਰਿਆ।

ਇਕੋ ਲਗਨ ਲਗੀ ਹੋਈ ਸੀ ਦਿਲ ਅੰਦਰ।
ਫਰੰਗੀ ਨੂੰ ਕੱਢ ਅਸਾਂ ਦੇਸ਼ ਤੋਂ ਬਾਹਰ ਸੁੱਟਣਾ।

ਭਾਰਤ ਮਾਂ ਦੀ ਕੱਟ ਜ਼ੰਜੀਰ, ਦੁੱਖ ਗਰੀਬੀ
ਗੁਲਾਮੀ ਦੀ ਜ਼ਹਾਲਤ ਨੂੰ ਹੈ ਅਸਾਂ ਮਾਰ ਸੁੱਟਣਾ।

ਰਾਜ ਗੁਰੂ ਸੁਖਦੇਵ ਤੇ ਭਗਤ ਸਿੰਘ ਮਿਲ ਕੇ।
ਮਤਾ ਅਜ ਇਕ ਉਨ੍ਹਾਂ ਨੇ ਪੱਕਾ ਲਿਆ।

ਝੋਲੀ ਚੁੱਕਾਂ ਨੇ ਪਾਈ ਹਨੇਰ ਗਰਦੀ।
ਹਰ ਇਕ ਦਿਲ ਵਿਚ ਅੱਜ ਦਰਦ ਸਮਾਂ ਗਿਆ।

ਉੱਠੋ ਭਾਰਤ ਮਾਂ ਦੇ ਸ਼ੇਰੋਂ ਕੀ ਸੋਚ ਰਹੇ ਹੋ।
ਗਿਚਿਓ ਫੜ ਲੌ ਇਨ੍ਹਾਂ ਫਰੰਗੀਆਂ ਨੂੰ।

ਕਿਉ ਭੁੱਲ ਗਏ ਤੁਸੀਂ ਕ੍ਰਿਪਾਨਾਂ ਮਿਆਨ ਅੰਦਰ ਰੱਖ ਕੇ।
ਹੱਥ ਪਾ ਲੌ ਤੇਗਾਂ ਨੰਗੀਆਂ ਨੂੰ।

ਲੱਗੇ ਦਾਗ ਗ਼ੁਲਾਮੀ ਦੇ ਹਿੰਦ ਮਾਂ ਨੂੰ
ਵਹਾ ਕੇ ਖੂਨ ਦੀਆਂ ਨਦੀਆਂ ਧੋ ਦੇਵਾਂ ਗੇ

ਭਗਤ ਸਿੰਘ ਲਲਕਾਰੇ ਬਾਜਾਂ ਵਾਲੇ ਦੇ ਸਹਾਰੇ
ਧੋਬੀ ਵਾਂਗ ਇਹਨਾਂ ਨੂੰ ਧੋ ਦਿਆਂ ਗੇ।

ਅੱਜ ਨਾ ਪੈਦਾ ਹੋਣਾ ਅਰਜਨ ਸਿੰਘ ਦਾ ਪੋਤਰਾ, ਕਿਸ਼ਨ ਸਿੰਘ ਦਾ ਲਾਲ।
ਅੱਜ ਵਿਦਿਆ ਵਤੀ ਦੇ ਘਰ ਨਾ ਜੰਮਦਾ ਫਿਰ ਭਗਤ ਸਿੰਘ

ਦੇਸ਼ ਭਗਤਾ ਦੇ ਘਰ ਹੀ ਸੁਰਮੇ ਜੰਮਦੇ।
ਚਾਚੇ ਅਜੀਤ, ਸਵਰਨ ਸਿੰਘ ਚਾਚਿਆਂ ਦੇ ਚਿਹਰੇ ਆਇਆ ਮੁਲਾਲ।
ਇਟ ਵਾਰੀ ਭਗਤ ਸਿੰਘ ਆ ਜਾ ਦੁਬਾਰਾ।

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਛੰਦਾਬੰਦੀ ਬਾਰੇ ਮਹੱਤਵਪੂਰਣ ਪੁਸਤਕ : ਛੰਦ ਬੁਖਾਰੀ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਾਥ ਸੰਗੀਤ ਸਿੰਘ



ਜ਼ਿਲਾ ਮਾਨਸਾ ਵਿੱਚ ਦਰਸ਼ਨ ਸਿੰਘ ਨਾਂ ਦੇ ਪੰਜ ਵਿਅਕਤੀ ਚਰਚਿਤ ਹਨ – ਦਰਸ਼ਨ ਸਿੰਘ ਢਿੱਲੋਂ, ਦਰਸ਼ਨ ਸਿੰਘ ਭੰਮੇ, ਦਰਸ਼ਨ ਜੋਗਾ, ਪ੍ਰਿੰਸੀਪਲ ਦਰਸ਼ਨ ਸਿੰਘ ਅਤੇ ਦਰਸ਼ਨ ਸਿੰਘ ਬਰੇਟਾ। ਇਨ੍ਹਾਂ 'ਚੋਂ ਦਰਸ਼ਨ ਸਿੰਘ ਭੰਮੇ ਦਾ ਵੱਖਰਾ ਰੰਗ ਹੈ। ਉਹ ਭਾਵੇਂ ਮੂਲ ਤੌਰ ਤੇ ਮਾਨਸੇ ਜ਼ਿਲ੍ਹੇ (ਪਿੰਡ ਭੰਮੇ) ਨਾਲ ਸੰਬੰਧਿਤ ਹੈ ਪਰ ਹੁਣ ਲੰਮੇ ਸਮੇਂ ਤੋਂ ਗੁਰੂ ਕੀ ਕਾਸ਼ੀ, ਤਲਵੰਡੀ ਸਾਬੋ, ਦਮਦਮਾ ਸਾਹਿਬ (ਜ਼ਿਲ੍ਹਾ ਬਠਿੰਡਾ) ਦਾ ਵਾਸੀ ਹੈ। ਮਾਲਵੇ ਵਿੱਚ ਕਵੀਸ਼ਰੀ ਦੇ ਥੰਮ੍ਹ ਵਜੋਂ ਜਾਣੇ ਜਾਂਦੇ ਦਰਸ਼ਨ ਸਿੰਘ ਭੰਮੇ ਨੂੰ ਕਾਵਿ ਨਿਯਮਾਂ ਦੀ ਬਰੀਕ ਸੋਝੀ ਹੈ। ਸਿਰਤ ਵਿਭਾਗ 'ਚੋਂ ਸੇਵਾਮੁਕਤ ਹੋਏ ਭੰਮੇ ਨੇ ਗੁਰੂ-ਸ਼ਿਸ਼ ਪਰੰਪਰਾ ਤੋਂ ਕਵੀਸ਼ਰੀ ਦੀਆਂ ਬਰੀਕੀਆਂ ਨੂੰ ਜਾਣਿਆ ਹੈ। ਉਹਨੇ ਆਪਣੇ ਉਸਤਾਦ ਪੰਡਤ ਰੇਵਤੀ ਪ੍ਰਸ਼ਾਦ ਸ਼ਰਮਾ (ਰੇਵਤੀ ਰਮਨ) ਜੀ ਤੋਂ ਕਾਵਿ ਕਲਾ ਦੀਆਂ ਰਮਜ਼ਾਂ ਨੂੰ ਸਮਝਿਆ ਤੇ ਫਿਰ ਉਨ੍ਹਾਂ ਦੇ ਪੈਰ-ਚਿੰਨ੍ਹਾਂ ਤੇ ਚੱਲਦਿਆਂ ਕਵੀਸ਼ਰੀ ਵਿੱਚ ਆਪਣਾ ਲੋਹਾ ਮਨਵਾਇਆ। ਉਹਦੀਆਂ ਹੁਣ ਤੱਕ 11 ਕਿਤਾਬਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਤੇ ਇਹ ਸਾਰੀਆਂ ਹੀ ਛੰਦਾਬੰਦੀ ਦੇ ਨਿਯਮਾਂ ਵਿੱਚ ਵਿਉਂਤਬੱਧ ਕੀਤੀਆਂ ਹੋਈਆਂ ਹਨ। ਇਨ੍ਹਾਂ ਕਿਤਾਬਾਂ ਵਿੱਚ ਸ਼ਾਮਲ ਹਨ – ਸੁਖਾਂ ਲੱਦੇ ਸੁਨੇਰੇ (2008), ਦੋ ਪ੍ਰੀਤ ਕਿੱਸੇ (2010), ਛੰਦ ਬਗੀਚਾ (2015), ਮਾਤਾ ਗੰਗਾ ਜੀ (2016), ਛੰਦ ਗਠੜੀ (2018), ਕਿੱਸਾ ਰੂਪ ਬਸੰਤ (2018), ਪਰਮ ਗਾਥਾਵਾਂ ਭਾਗ-I (2019), ਪਰਮ ਗਾਥਾਵਾਂ ਭਾਗ-II (2019), ਛੰਦ ਪਿਟਾਰੀ (2021), ਜੁਗਨੀ ਜੜੇ ਨਗੀਨੇ (2024) ਤੇ ਛੰਦ ਬੁਖਾਰੀ (2025)। ਭਾਵੇਂ ਇਹ ਸਾਰੀਆਂ ਕਿਤਾਬਾਂ ਛੰਦ-ਵਿਧਾਨ ਮੁਤਾਬਕ ਲਿਖੀਆਂ ਗਈਆਂ ਹਨ, ਪਰ ਸੂਚੀ ਅਨੁਸਾਰ ਨਿਰੋਲ ਛੰਦਾਂ ਨਾਲ ਸੰਬੰਧਿਤ ਉਹਦੀਆਂ ਚਾਰ ਕਿਤਾਬਾਂ ਛਪ ਚੁੱਕੀਆਂ ਹਨ। ਭੰਮੇ ਮੁਤਾਬਕ ਕਵਿਤਾ ਛੰਦਾਬੰਦੀ ਦੇ ਨੇਮਾਂ ਵਿੱਚ ਹੀ ਲਿਖਣੀ ਚਾਹੀਦੀ ਹੈ। ਉਹ ਸਿਰਫ ਕਵਿਤਾ/ਕਵੀਸ਼ਰੀ ਲਿਖਦਾ ਹੀ ਨਹੀਂ, ਸਗੋਂ ਮੇਲਿਆਂ, ਤਿਉਹਾਰਾਂ, ਇਕੱਠਾਂ ਆਦਿ ਵਿੱਚ ਇਹਦੀ ਭਾਵਪੂਰਤ ਪੇਸ਼ਕਾਰੀ ਵੀ ਕਰਦਾ ਹੈ। ਹੋਰ ਤਾਂ ਹੋਰ, ਉਹਨੇ ਇਸ ਵਿਧਾ ਵਿੱਚ ਲਿਖਣ ਵਾਲੇ ਅਨੁਯਾਈਆਂ ਨੂੰ ਲੋੜੀਂਦੀ ਸੇਧ ਵੀ ਦਿੱਤੀ ਹੈ ਤੇ ਇਸ ਤਰ੍ਹਾਂ ਛੰਦਬੱਧ ਕਵੀਆਂ ਦੀ ਨਵੀਂ ਪਨੀਰੀ ਤਿਆਰ ਕਰਨ ਵਿੱਚ ਉਹਦਾ ਵੱਡਾ ਯੋਗਦਾਨ ਹੈ।

ਰੀਵਿਊ ਅਧੀਨ (11ਵੀਂ) ਪੁਸਤਕ (ਛੰਦ ਬੁਖਾਰੀ, ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ, ਪੰਨੇ 155, ਮੁੱਲ 250/- ₹) ਵਿੱਚ ਭੰਮੇ ਨੇ ਬੜੀ ਮਿਹਨਤ ਨਾਲ ਕੁਝ ਖਾਸ ਛੰਦਾਂ ਬਾਰੇ ਜਾਣਕਾਰੀ ਦਿੱਤੀ ਹੈ। ਪਰ ਇਸਤੋਂ ਵੀ ਪਹਿਲਾਂ ਮੰਗਲਾਚਰਣ, ਮੁਹਾਰਨੀ, ਗਣ, ਰਸ, ਛੰਦ, ਵਰਣ, ਤੁਕਾਂਤ, ਤੁਕਾਂਗ ਆਦਿ ਬਾਰੇ ਮੁੱਢਲੀ ਜਾਣਕਾਰੀ ਮੁਹੱਈਆ ਕਰਵਾਈ ਹੈ। ਕਵੀ ਨੇ ਇਸ ਪੁਸਤਕ ਵਿੱਚ 15 ਛੰਦਾਂ ਬਾਰੇ ਵਿਸਤਾਰ ਸਹਿਤ ਲਿਖਿਆ ਹੈ। ਜਿਸਦੇ ਅੰਤਰਗਤ ਪਹਿਲਾਂ ਹਰੇਕ ਛੰਦ ਦੀ ਪਰਿਭਾਸ਼ਾ ਤੇ ਲਿਖਣ-ਵਿਧੀ ਸਮਝਾਈ ਹੈ। ਇਸ ਪਿੱਛੋਂ ਮੌਲਿਕ ਸਿਰਜਣਾ ਰਾਹੀਂ ਉਹਦੀਆਂ ਕਈ ਕਈ ਉਦਾਹਰਣਾਂ ਦਿੱਤੀਆਂ ਗਈਆਂ ਹਨ। ਪੁਸਤਕ ਵਿੱਚ 8 ਮਾਤ੍ਰਿਕ, 6 ਵਰਣਿਕ ਤੇ ਇੱਕ ਮਿਸ਼ਰਿਤ ਛੰਦ ਨੂੰ ਸ਼ਾਮਲ ਕੀਤਾ ਗਿਆ ਹੈ।

ਮਾਤ੍ਰਿਕ ਛੰਦਾਂ ਵਿੱਚ ਨਵੀਨ ਸ਼ੁਭਟੇਂਦ੍ਰ, ਕਕੁਭਾ/ਪ੍ਰਮੇਦਨ, ਕਮੰਦ, ਕਾਫ਼ੀ, ਦੋਤਾਰਾ/ਸ਼ਾਂਤ/ਤਰਵਰ, ਬੈਂਤ, ਲਲਿਤਪਦ/ਸਾਰ ਅਤੇ ਲੀਲਾਵਤੀ ਜਿਹੇ ਮੁਸ਼ਕਿਲ ਅਤੇ ਘੱਟ ਸੁਣੇ ਛੰਦਾਂ ਦਾ ਵੇਰਵਾ ਹੈ; ਵਰਣਿਕ ਛੰਦਾਂ ਵਿੱਚ ਕਬਿਤ, ਕੋਰੜਾ/ਕੇਸਰੀ/ਮੁਕੰਦ, ਕ੍ਰਿਤੀ, ਧ੍ਰਿਤੀ, ਨਰਾਜ਼/ਨਾਗਰਾਜ/ਪੰਚਚਮਾਰਾ/ਵਿਚਿਤ੍ਰਾ, ਮੀਤ ਨੂੰ ਸਪਸ਼ਟ ਕੀਤਾ ਗਿਆ ਹੈ ਤੇ ਅੰਤ ਵਿੱਚ ਮਿਸ਼ਰਿਤ ਛੰਦ ਨੂੰ ਸਮਝਾਇਆ ਗਿਆ ਹੈ।

ਪੁਸਤਕ ਦੀ ਭੂਮਿਕਾ ਭਾਸ਼ਾ ਵਿਭਾਗ ਪੰਜਾਬ ਦੇ ਡਿਪਟੀ ਡਾਇਰੈਕਟਰ ਸਤਨਾਮ ਸਿੰਘ ਢੱਲੋਂ ਹੈ ਤੇ ਲੇਖਕ/ਪੁਸਤਕ ਦੀ ਜਾਣ-ਪਛਾਣ ਵਜੋਂ ਪੰਡਤ ਰੇਵਤੀ ਪ੍ਰਸ਼ਾਦ ਸ਼ਰਮਾ ਨੇ ਨਜ਼ਰਸਾਨੀ ਕੀਤੀ ਹੈ। ਕਰਮਜੀਤ ਸਿੰਘ ਢਿੱਲੋਂ ਨੇ ਸਮੁੱਚੀ ਪੁਸਤਕ ਬਾਰੇ ਕਾਵਿ ਰੂਪ ਵਿੱਚ ਆਪਣਾ ਨਜ਼ਰੀਆ ਰੇਖਾਂਕਿਤ ਕੀਤਾ ਹੈ।

ਪੁਸਤਕ ਵਿਚਲੇ ਕਥਨਾਂ ਵਿੱਚ ਇੱਕ-ਦੋ ਥਾਂਈਂ ਜ਼ਰੂਰੀ ਸੋਧ ਦੀ ਲੋੜ ਮਹਿਸੂਸ ਹੁੰਦੀ ਹੈ। ਜਿਵੇਂ ਵਰਣਿਕ ਛੰਦ ਬਾਰੇ ਦੱਸਿਆ ਹੈ – ਉਹ ਛੰਦ, ਜਿਸਨੂੰ ਕਵੀ ਰਚਨਾ ਸਮੇਂ ਕੇਵਲ ਅੱਖਰਾਂ/ਵਰਣਾਂ ਦੀ ਗਿਣਤੀ ਕਰਦਾ ਹੈ; ਮਾਤ੍ਰਿਕ ਛੰਦ ਬਾਰੇ – ਉਹ ਛੰਦ, ਜਿਸਦੀ ਰਚਨਾ ਕਰਨ ਸਮੇਂ ਕਵੀ ਕੇਵਲ ਮਾਤਰਾਵਾਂ ਦੀ ਗਿਣਤੀ ਕਰਦਾ ਹੈ। ਮੇਰੇ ਵਿਚਾਰ ਵਿੱਚ ਇਨ੍ਹਾਂ ਬਾਰੇ ਇਹ ਲਿਖਣਾ ਚਾਹੀਦਾ ਹੈ ਕਿ ਵਰਣਿਕ ਛੰਦ ਵਿੱਚ ਸਿਰਫ਼ ਅੱਖਰਾਂ/ਵਰਣਾਂ ਦੀ ਹੀ ਗਿਣਤੀ ਕੀਤੀ ਜਾਂਦੀ ਹੈ, ਮਾਤਰਾਵਾਂ ਦੀ ਨਹੀਂ, ਭਾਵੇਂ ਕਿਸੇ ਅੱਖਰ ਨੂੰ ਕਿੰਨੀਆਂ ਵੀ ਮਾਤਰਾਵਾਂ ਲੱਗੀਆਂ ਹੋਣ, ਇਨ੍ਹਾਂ ਮਾਤਰਾਵਾਂ ਨੂੰ ਗਿਣਿਆ ਨਹੀਂ ਜਾਂਦਾ। ਮਾਤ੍ਰਿਕ ਛੰਦ ਬਾਰੇ ਇਹ ਲਿਖਣਾ ਚਾਹੀਦਾ ਹੈ ਕਿ ਇਨ੍ਹਾਂ ਵਿੱਚ ਵਰਣਾਂ/ਅੱਖਰਾਂ ਸਮੇਤ ਮਾਤਰਾਵਾਂ ਦੀ ਗਿਣਤੀ ਵੀ ਕੀਤੀ ਜਾਂਦੀ ਹੈ। ਯਾਨੀ ਸਿਰਫ਼ ਮਾਤਰਾਵਾਂ ਹੀ ਨਹੀਂ ਗਿਣੀਆਂ ਜਾਂਦੀਆਂ। ਭਾਵੇਂ ਛੰਦ ਦਾ ਨਾਂ ਮਾਤ੍ਰਿਕ ਹੈ, ਪਰ ਇਹਦਾ ਮਤਲਬ ਇਹ ਨਹੀਂ ਕਿ ਇੱਥੇ ਵਰਣਾਂ/ਅੱਖਰਾਂ ਦੀ ਗਿਣਤੀ ਨਹੀਂ ਹੁੰਦੀ।

ਕਿਤੇ ਕਿਤੇ ਸ਼ਬਦ ਜੋੜਾਂ ਦੀਆਂ ਉਕਾਈਆਂ ਕਰਕੇ ਅਰਥਬੋਧ ਅਸਪਸ਼ਟ ਰਹਿ ਜਾਂਦਾ ਹੈ, ਜਿਵੇਂ ਕਵਿਸ਼ਰੀ (ਕਵੀਸ਼ਰੀ, 4), ਪੁਸਕਤ (ਪੁਸਤਕ, 8), ਪ੍ਰਪਾਤ (ਪ੍ਰਾਪਤ, 28), ਪੀ, ਐਚ, ਡੀ (ਪੀਐਚ.ਡੀ., 28), ਕਰਾਜ਼ (ਕਾਰਨ, 28), ਮਾਤਰਾ (ਮਾਤਰਾਵਾਂ, 28) ਆਦਿ। ਇਵੇਂ ਹੀ ਕਿਤਾਬ ਵਿੱਚ ਵਿਸ਼ਰਾਮ/ਵਿਸ਼੍ਰਾਮ/ਬਿਸ਼੍ਰਾਮ ਦੇ ਇੱਕ ਤੋਂ ਵੱਧ ਅੱਖਰਜੋੜ ਲਿਖੇ ਗਏ ਹਨ। ਪਾਠਕ ਨੂੰ ਟਪਲਾ ਲੱਗਦਾ ਹੈ ਕਿ ਇਹ ਸ਼ਾਇਦ ਤਿੰਨ ਵੱਖ ਵੱਖ ਸ਼ਬਦ ਹਨ। ਯਾਨੀ ਇਨ੍ਹਾਂ ਸ਼ਬਦਜੋੜਾਂ ਵਿੱਚ ਇਕਸਾਰਤਾ ਚਾਹੀਦੀ ਹੈ।

ਪੁਸਤਕ ਦੀ ਵਿਉਂਤਬੰਦੀ ਵਿੱਚ ਵੀ ਕੁਝ ਘਾਟ ਰੜਕਦੀ ਹੈ, ਜਿਵੇਂ ਨਵੀਨ ਸ਼ੁਭਟੇਂਦ੍ਰ ਛੰਦ ਨੂੰ ਪੰਨਾ 30 ਤੇ ਸ਼ੁਰੂ ਕੀਤਾ ਗਿਆ ਹੈ, ਜਦਕਿ ਇਹਨੂੰ ਪੰਨਾ 31 ਤੋਂ ਸ਼ੁਰੂ ਕਰਨਾ ਚਾਹੀਦਾ ਸੀ। ਇਸੇ ਤਰ੍ਹਾਂ ਪੰਨਾ 155 ਤੇ ਸਿਰਲੇਖ ਬਣਾਇਆ ਹੈ – ਰਾਹ ਦਸੇਰੇ; ਜਦਕਿ ਇਹਨੂੰ ਪੰਨਾ 156 ਉੱਤੇ ਅੰਕਿਤ ਕੀਤਾ ਜਾਣਾ ਚਾਹੀਦਾ ਸੀ।

ਮੇਰਾ ਇੱਕ ਗਿਲਾ ਇਹ ਵੀ ਹੈ ਕਿ ਕਵੀ ਦਰਸ਼ਨ ਸਿੰਘ ਭੰਮੇ ਨੇ ਆਪਣੀ ਰਚਨਾਵਲੀ ਦਾ ਕੋਈ ਵੇਰਵਾ ਨਹੀਂ ਦਿੱਤਾ। ਇਹ ਜ਼ਰੂਰ ਦਿੱਤਾ ਜਾਣਾ ਚਾਹੀਦਾ ਸੀ। ਪਾਠਕ ਨੂੰ ਲੇਖਕ ਦੀਆਂ ਪਹਿਲਾਂ ਲਿਖੀਆਂ ਪੁਸਤਕਾਂ ਬਾਰੇ ਜਾਣਕਾਰੀ ਹਾਸਲ ਕਰਨ ਦਾ ਪੂਰਾ ਹੱਕ ਹੈ।

ਅੱਜ ਦੇ ਸਮੇਂ ਵਿੱਚ ਕਵਿਤਾ ਜ਼ਿਆਦਾ ਕਰਕੇ ਵਿਚਾਰ-ਪ੍ਰਧਾਨ ਹੋ ਗਈ ਹੈ, ਜਿਸ ਕਰਕੇ ਖੁੱਲ੍ਹੀ ਕਵਿਤਾ ਦਾ ਪ੍ਰਚਲਨ ਦਿਨੋ-ਦਿਨ ਵਧ ਰਿਹਾ ਹੈ। ਪਰ ਪੰਡਤ ਰੇਵਤੀ ਪ੍ਰਸ਼ਾਦ ਦੇ ਇਨ੍ਹਾਂ ਕਥਨਾਂ ਨਾਲ ਸਹਿਮਤ ਹੁੰਦਾ ਹੋਇਆ ਮੈਂ ਆਪਣੇ ਵਿਚਾਰਾਂ ਨੂੰ ਸਮੇਟਦਾ ਹਾਂ – "ਛੰਦਬੱਧ ਰਚਨਾ ਸੁਹਜ, ਕਲਾਤਮਕ, ਰਸ, ਅਲੰਕਾਰ ਅਤੇ ਗਾਇਕ ਸ਼ੈਲੀ ਰਾਹੀਂ ਧੁਰ ਅੰਦਰ ਤੱਕ ਪ੍ਰਭਾਵ ਪਾਉਣ ਦੇ ਸਮਰੱਥ ਹੈ। ਵਿਸ਼ੇਸ਼ ਤੌਰ ਤੇ ਕਵੀਸ਼ਰੀ, ਕਲੀਆਂ, ਵਾਰਾਂ – ਵਿਦਵਾਨਾਂ ਦੇ ਨਾਲ ਨਾਲ ਖੁੰਢ ਸੱਥਾਂ ਵਾਲੇ ਅਨਪੜ੍ਹ ਬਜ਼ੁਰਗਾਂ, ਨੌਜਵਾਨਾਂ ਅਤੇ ਸਕੂਲੀ ਬੱਚਿਆਂ ਨੂੰ ਵੀ ਅਨੰਦਿਤ ਕਰਦੀਆਂ ਹਨ।" ਅਜਿਹੇ ਵਿਲੱਖਣ ਗੁਣਾਂ ਦੀ ਧਾਰਨੀ ਹੈ ਦਰਸ਼ਨ ਸਿੰਘ ਭੰਮੇ ਦੀ ਇਹ ਕਿਤਾਬ, ਜਿਸਦਾ ਛੰਦਬੱਧ ਕਾਵਿ ਵਿੱਚ ਸਵਾਗਤ ਕਰਨਾ ਬਣਦਾ ਹੈ। ਬਕੌਲ ਲਿਖਤਮ :

ਗੁਰੂ ਕਾਸ਼ੀ ਵਿੱਚ ਰਹਿੰਦਾ, ਭੰਮੇ ਇੱਕ ਲਿਖਾਰੀ ਐ।
ਮੰਚ ਕਵੀਸ਼ਰੀ ਦੀ ਸ਼ਖ਼ਸੀਅਤ, ਬੜੀ ਪਿਆਰੀ ਐ।
ਕਵੀਆਂ ਦੇ ਵਿੱਚ ਉਹਦੀ, ਕਹਿੰਦੇ ਨੇ ਸਰਦਾਰੀ ਐ।
ਆਓ ਪੜ੍ਹੀਏ ਪੁਸਤਕ, ਜਿਹੜੀ ਛੰਦ ਬੁਖਾਰੀ ਐ।

ਕੁਦਰਤ ਦੀ ਸਾਕਾਰ : ਕੁੱਲੂ ਘਾਟੀ

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ



ਹਿਮਾਚਲ ਪ੍ਰਦੇਸ਼ ਦਾ ਮਨਮੋਹਣਾ ਇਲਾਕਾ ਹੈ ਕੁੱਲੂ | ਕੁਦਰਤ ਦੀ ਸਾਕਾਰ ਸੁੰਦਰਤਾ ਹੈ ਕੁੱਲੂ ਘਾਟੀ | ਇਥੋਂ ਦੇ ਉਚੇ-ਉਚੇ, ਅਸਮਾਨ ਨੂੰ ਛੂੰਹਦੇ ਸੁੰਦਰ ਰੁੱਖ ਇਸ ਤਰ੍ਹਾਂ ਪ੍ਰਤੀਤ ਹੁੰਦੇ ਹਨ ਜਿਸ ਤਰ੍ਹਾਂ ਇਸ ਧਰਤੀ ਦੇ ਬੁਜ਼ੁਰਗ ਲੋਕ ਆਸ਼ੀਰਵਾਦ ਅਤੇ ਸ਼ੁਭਕਾਮਨਾਵਾਂ ਦੇ ਰਹੇ ਹੋਣ | ਫਬੀਲੇ ਦ੍ਰਿਸ਼, ਝਾਂਜਰ ਦੀ ਛਣ-ਛਣ ਕਰਦੇ ਵਹਿੰਦੇ ਝਰਨੇ, ਪਹਾੜੀਆਂ ਨਾਲ ਕਲੋਲ ਕਰਦੀ, ਅਡਖੇਲੀਆਂ ਕਰਦੀ, ਸਰਗੋਸ਼ੀਆਂ ਕਰਦੀ ਦੁੱਧ ਚਿੱਟੀ ਸਫੇਦ ਮਖਮਲੀ ਬਰਫ਼ | ਫਲਾਂ ਨਾਲ ਲੱਧੇ ਲੁਭਾਵਣੇਂ, ਸੁਹਾਵਣੇਂ ਬਾਗ਼ | ਕਿਸੇ ਗੇਰੀ ਦੀ ਜ਼ੁਲਫ ਵਾਂਗੂ ਵੱਲ ਖਾਂਦੇ ਟੇਢੇ-ਮੇਢੇ ਰਸਤੇ | ਕੁਦਰਤ ਦੇ ਅਨੇਕ ਸੁੰਦਰ ਅਲੰਕਾਰਾਂ ਨਾਲ ਸੱਜੀ ਹੈ ਕੁੱਲੂ ਘਾਟੀ | ਇਹ ਮਨਮੋਹਨ ਇਲਾਕਾ ਸਿਹਤ ਲਈ ਮੁਆਫ਼ਕ ਹੈ | ਸੁੰਦਰ ਦ੍ਰਿਸ਼ ਅੱਖਾਂ ਲਈ ਵਧੀਆ ਖੁਰਾਕ | ਸਾਫ਼-ਪਵਿੱਤਰ ਸਿਹਤਪ੍ਰਦਕ ਪਾਣੀ ਅਤੇ ਅਨੇਕ ਪ੍ਰਕਾਰ ਦੀਆਂ ਜੜੀ-ਬੂਟੀਆਂ | ਕੁੱਲੂ ਇਲਾਕੇ ਦੇ ਅਨੇਕਾਂ ਹੀ ਪ੍ਰਾਚੀਨ ਅਧਿਆਤਮਿਕ ਮੰਦਿਰ | ਕੁੱਲੂ ਦੀ ਧਰਤੀ ਨੂੰ ਭਗਵਾਨ ਨੇ ਏਨਾ ਆਕਰਸ਼ਿਕ, ਪ੍ਰਕਿਤੀਪਰਦ ਅਤੇ ਖ਼ੂਬਸੂਰਤੀਪਰਕ ਬਣਾ ਕੇ ਮਾਨਵਤਾ ਨੂੰ ਇਥੇ ਹੀ ਸਵਰਗਭੂਮੀ ਦੇ ਦਰਸ਼ਨ ਕਰਵਾ ਦਿੱਤੇ ਹਨ |

ਪਠਾਨਕੋਟ , ਪੰਜਾਬ ਤੋਂ ਲਗਭਗ 280 ਕਿਲੋ ਮੀਟਰ ਦੂਰੀ 'ਤੇ ਸਥਿਤ ਹੈ ਕੁੱਲੂ | ਇਸ ਦੀ ਉਚਾਈ ਹੈ ਲਗਭਗ 1220 ਮੀਟਰ | ਕੁੱਲੂ ਸ਼ਬਦ ਕੁਲੂਤ ਤੋਂ ਬਣਿਆ | ਦੱਸਿਆ ਜਾਂਦਾ ਹੈ ਕਿ ਕੁਲੂਤ ਇਕ ਪ੍ਰਾਚੀਨ ਜਾਤੀ ਸੀ, ਬਿਆਸ ਦਰਿਆ ਦੇ ਨਾਲ ਉਪ ਘਾਟੀ ਵਿਚ ਰਹਿੰਦੇ ਸੀ | ਅਰਜੁਨ ਨਾਲ ਕੁਲੂਤ ਰਾਜੇ ਦਾ ਯੁੱਧ ਹੋਇਆ ਸੀ | ਇਸ ਜਾਤੀ ਦਾ ਰਾਜਾ ਕਸ਼ੇਮ ਧੂਤੀ, ਮਹਾਂਭਾਰਤ ਦੀ ਲੜਾਈ ਵਿਚ ਮਾਰਿਆ ਗਿਆ ਸੀ | ਕੁਲੂਤ ਤੋਂ ਕੁੱਲੂ ਸ਼ਬਦ ਦੀ ਉਤਪਤੀ ਹੋਈ |

ਦਸਿਆ ਜਾਂਦਾ ਹੈ ਕਿ ਇਥੇ ਪਾਲ ਵੰਸ਼ ਦੇ 85 ਰਾਜਾਂ ਹੋਏ ਹਨ | ਇਨ੍ਹਾਂ ਦੇ ਬਾਦ 16 ਸਿੰਘ ਵੰਸ਼ ਦੇ ਰਾਜਿਆਂ ਨੇ ਰਾਜ ਕੀਤਾ | ਅੰਤਿਮ ਰਾਜਾ ਜੀਤ ਸਿੰਘ ਹੋਏ, ਜਿਸ ਦੇ ਰਾਜ ਨੂੰ 1840 ਈ। ਵਿਚ ਸਿੱਖਾਂ ਨੇ ਖੋਹ ਲਿਆ |

1963 ਵਿਚ ਕੁੱਲੂ ਨੂੰ ਜਿਲ੍ਹਾ ਬਣਾ ਦਿੱਤਾ ਗਿਆ | ਅਕਤੂਬਰ 1966 ਨੂੰ ਕੁੱਲੂ ਪੰਜਾਬ ਦਾ ਹਿੱਸਾ ਸੀ ਪਰ ਨਵੰਬਰ 1966 ਨੂੰ ਰਾਜਪੁਨਰ ਗਠਨ ਹੋਣ ਕਰਕੇ ਕੁੱਲੂ ਹਿਮਾਚਲ ਪ੍ਰਦੇਸ਼ ਵਿਚ ਸ਼ਾਮਿਲ ਹੋ ਗਿਆ | ਕੁੱਲੂ ਘਾਟੀ ਲਗਭਗ 50 ਮੀਲ ਲੰਬੀ ਹੈ | ਇਲਾਕਾ ਖੇਤਰਫਲ 5503 ਵਰਗ ਕਿ।ਮੀ। ਹੈ |

ਬਿਆਸ ਰਿਸ਼ੀ ਝੀਲ ਜੋ 3978 ਮੀਟਰ ਦੀ ਉਚਾਈ ਤੋਂ ਵਹਿੰਦੀ ਹੋਈ ਕੁੱਲੂ ਵਿਚ ਪ੍ਰਵੇਸ਼ ਕਰਦੀ ਹੈ | ਇਹ ਬਿਆਸ ਨਦੀ 8 ਕਿੱਲੋਮੀਟਰ ਦੂਰ ਉਚੇ ਪਹਾੜੀਏ ਇਲਾਕੇ ਰੋਹਤਾਰਾਂ ਤੋਂ ਨਿਕਲਦੀ ਹੈ |

ਇਥੋਂ ਦੇ ਲੋਕ ਮੰਦਿਰਾਂ ਦੀ ਸ